# ਸ਼ਬਦਾਵਲੀ Glossary

***ਐਕਸੈੱਸ (ਪਹੁੰਚ):*** ਸਰੀਰ ਦਾ ਉਹ ਭਾਗ ਜਿੱਥੇ ਡਾਇਐਲਿਸਿਸ ਟ੍ਰੀਟਮੈਂਟ ਕਰਨ ਵਾਸਤੇ ਖ਼ੂਨ ਦੇ ਗੇੜ ਵਿੱਚ ਪ੍ਰਵੇਸ਼ ਕਰਨ ਲਈ ਸੂਈਆਂ ਜਾਂ ਕੈਥੇਟਰ ਦਾਖਲ ਕੀਤਾ ਹਾਂਦਾ ਹੈ (ਉਦਾਹਰਨ ਲਈ ਡਾਇਐਲਿਸਿਸ ਪਰਮ-ਕੈਥ, ਫਿਸਟੁਲਾ ਜਾਂ ਗ੍ਰਾਫ਼ਟ)।

***ਐਂਟੀਕੋਐਗੂਲੈਂਟ (ਗਤਲਾ ਵਿਰੋਧੀ):*** ਇੱਕ ਦਵਾਈ ਜੋ ਤੁਹਾਡੇ ਖ਼ੂਨ ਦੇ ਗਤਲੇ ਬਣਨ ਵਿੱਚ ਲੱਗਣ ਵਾਲੇ ਸਮੇਂ ਵਿੱਚ ਵਾਧਾ ਕਰਦੀ ਹੈ।

***ਅਨੀਮੀਆ:*** ਸਿਹਤ ਦੀ ਅਜਿਹੀ ਸਥਿਤੀ ਜਦੋਂ ਤੁਹਾਡੇ ਖ਼ੂਨ ਵਿੱਚ ਲਹੂ ਦੇ ਲਾਲ ਸੈੱਲਾਂ ਦੀ ਗਿਣਤੀ ਘੱਟ ਹੋ ਜਾਂਦੀ ਹੈ।

***ਧਮਣੀ ਵਾਲੀ ਨਲੀ:*** ਸਰੀਰ ਤੋਂ ਡਾਇਆਲਾਈਜ਼ਰ ਵਿੱਚ ਖ਼ੂਨ ਲਿਜਾਣ ਵਾਲੀ ਟਿਊਬ।

***ਬਰੂਟ:*** ਫਿਸਟੁਲਾ ਜਾਂ ਗ੍ਰਾਫ਼ਟ ਨਾਲ ਸੰਬੰਧਤ ਵਾਧੂ ਜੋੜਾਂ ਵਿੱਚੋਂ ਵਗਦੇ ਹੋਏ ਖ਼ੂਨ ਦੀ ਆਵਾਜ਼।

***ਬਟਨਹੋਲ ਤਕਨੀਕ:*** ਇਹ ਫਿਸਟੁਲਾ ਅੰਦਰ ਸੂਈਆਂ ਲਗਾਉਣ ਦਾ ਇੱਕ ਤਰੀਕਾ ਹੈ। ਸੂਈ ਲਗਾਉਣ ਵਾਲੀਆਂ ਵੱਖ-ਵੱਖ ਥਾਵਾਂ ਨੂੰ ਲੜੀਵਾਰ ਢੰਗ ਨਾਲ ਬਦਲ-ਬਦਲ ਕੇ ਇਸਤੇਮਾਲ ਕਰਨ ਦੀ ਥਾਂ ਦੋ ਥਾਵਾਂ ਚੁਣੀਆਂ ਜਾਂਦੀਆਂ ਹਨ (ਹਰ ਸੂਈ ਵਾਸਤੇ ਇੱਕ) ਅਤੇ ਉਨ੍ਹਾਂ ਨੂੰ ਸਾਰਾ ਸਮਾਂ ਇਸਤੇਮਾਲ ਕੀਤਾ ਜਾਂਦਾ ਹੈ। ਸੂਈਆਂ ਉਸੇ ਥਾਂ ਉੱਤੇ ਅਤੇ ਇੱਕੋ ਐਂਗਲ ਉੱਤੇ ਲਗਾਈਆਂ ਜਾਂਦੀਆਂ ਹਨ।

***ਸੈਂਟ੍ਰਲ ਵੀਨਸ ਕੈਥੇਟਰ (ਸੀ.ਵੀ.ਸੀ.):*** ਇੱਕ ਨਰਮ, ਲਚਕਦਾਰ ਟਿਊਬ ਜਿਸ ਵਿੱਚ 2 ਲਿਊਮਿਨ ਹੁੰਦੇ ਹਨ ਜਿਸ ਨੂੰ ਆਮ ਤੌਰ ’ਤੇ ਧੌਣ ਵਿਚਲੀ ਵੱਡੀ ਨਾੜ ਵਿੱਚ ਲਗਾਇਆ ਜਾਂਦਾ ਹੈ।

***ਦੂਸ਼ਣ:*** ਜਦੋਂ ਕੋਈ ਰੋਗਾਣੂਮੁਕਤ ਕੀਤੀ ਚੀਜ਼ ਉਸ ਚੀਜ਼ ਦੇ ਸੰਪਰਕ ਵਿੱਚ ਆਉਂਦੀ ਹੈ ਜੋ ਰੋਗਾਣੂਮੁਕਤ ਨਹੀਂ ਕੀਤੀ ਹੁੰਦੀ, ਅਤੇ ਉਸ ਕਾਰਣ ਕੀਟਾਣੂ ਦਾਖ਼ਲ ਹੋ ਜਾਂਦੇ ਹਨ।

***ਡੀਹਾਈਡਰੇਸ਼ਨ:*** ਉਹ ਸਥਿਤੀ ਜਦੋਂ ਸਰੀਰ ਵਿੱਚ ਲੋੜੀਂਦਾ ਪਾਣੀ ਨਹੀਂ ਹੁੰਦਾ।

***ਡਾਇਆਲਾਈਜ਼ਰ:*** ਉਹ ਚੀਜ਼ ਜਿਸ ਅੰਦਰ ਉਹ ਟਿਊਬਾਂ ਹੁੰਦੀਆਂ ਹਨ ਜੋ ਖ਼ੂਨ ਨੂੰ ਸਾਫ਼ ਕਰਦੀਆਂ ਹਨ। ਇਸ ਨੂੰ ਮਸ਼ੀਨੀ ਗੁਰਦਾ ਵੀ ਕਿਹਾ ਜਾਂਦਾ ਹੈ।

***ਅਡੀਮਾ:*** ਟਿਸ਼ੂਆਂ ਵਿੱਚ ਵਾਧੂ ਤਰਲ ਜਮ੍ਹਾਂ ਹੋਣਾ ਜਿਸ ਕਾਰਣ ਸੋਜਿਸ਼ ਹੋ ਜਾਂਦੀ ਹੈ।

***ਨਿਕਾਸ ਸਾਈਟ:*** ਉਹ ਥਾਂ ਜਿੱਥੇ ਕੈਥੇਟਰ ਤੁਹਾਡੇ ਸਰੀਰ ਵਿੱਚੋਂ ਬਾਹਰ ਆਉਂਦਾ ਹੈ।

***ਫਿਸਟੁਲਾ:*** ਸਰਜਰੀ ਕਰ ਕੇ ਆਪਸ ਵਿੱਚ ਜੋੜੀ ਹੋਈ ਧਮਣੀ ਅਤੇ ਨਾੜ ਜਿਸ ਦਾ ਆਕਾਰ ਖ਼ੂਨ ਦੇ ਵਹਾਓ ਦੇ ਨਾਲ ਵਧ ਜਾਂਦਾ ਹੈ।

***ਫਿਸਟੁਲਾਗ੍ਰਾਮ:*** ਖ਼ੂਨ ਦੇ ਵਹਾਓ ਬਾਰੇ ਪਤਾ ਲਗਾਉਣ ਵਾਲੀ ਐਕਸ-ਰੇਅ ਪ੍ਰਕ੍ਰਿਆ ਜੋ ਤੁਹਾਡੇ ਫਿਸਟੁਲਾ ਅੰਦਰ ਖ਼ੂਨ ਦੇ ਗਤਲਿਆਂ ਜਾਂ ਹੋਰ ਰੁਕਾਵਟਾਂ ਦੀ ਜਾਂਚ ਕਰਦਾ ਹੈ।

***ਗ੍ਰਾਫ਼ਟ:*** ਸਰਜਰੀ ਰਾਹੀਂ ਪਾਈ ਸਿਨਥੈਟਿਕ ਟਿਊਬ ਜੋ ਧਮਣੀ ਅਤੇ ਨਾੜ ਨੂੰ ਆਪਸ ਵਿੱਚ ਜੋੜਦੀ ਹੈ।

***ਹੀਮੋਡਾਇਐਲਿਸਿਸ:*** ਉਹ ਪ੍ਰਕ੍ਰਿਆ ਜੋ ਰਹਿੰਦ-ਖੂਹੰਦ ਅਤੇ ਤਰਲ ਨੂੰ ਸਰੀਰ ਵਿੱਚੋਂ ਕੱਢਦੀ ਹੈ ਅਤੇ ਖ਼ੂਨ ਨੂੰ ਡਾਇਆਲਾਈਜ਼ਰ (ਫਿਲਟਰ) ਵਿੱਚੋਂ ਲੰਘਾ ਕੇ ਇਲੈਕਟ੍ਰੋਲਾਈਟਾਂ ਦਾ ਪੱਧਰ ਨਿਯਮਿਤ ਕਰਦੀ ਹੈ।

***ਹੀਮੋਲਿਸਿਸ:*** ਖ਼ੂਨ ਦੇ ਲਾਲ ਸੈੱਲਾਂ ਦਾ ਨਸ਼ਟ ਹੋ ਜਾਣਾ।

***ਹੈਪਾਰਿਨ:*** ਡਾਇਐਲਿਸਿਸ ਵਿੱਚ ਇਸਤੇਮਾਲ ਕੀਤੀ ਜਾਣ ਵਾਲੀ ਉਹ ਦਵਾਈ ਜੋ ਖ਼ੂਨ ਦਾ ਗਤਲਾ ਬਣਨ ਤੋਂ ਰੋਕਦੀ ਹੈ।

***ਹਾਈਪਰਟੈਨਸ਼ਨ:*** ਖ਼ੂਨ ਦਾ ਦਬਾਅ ਵੱਧ ਹੋਣਾ।

***ਹਾਈਪੋਟੈਨਸ਼ਨ:*** ਖ਼ੂਨ ਦਾ ਦਬਾਅ ਘੱਟ ਹੋਣਾ।

***ਇਨਫਿਲਟ੍ਰੇਸ਼ਨ:*** ਸੂਈ ਲਗਾਉਣ ਸਮੇਂ ਜਾਂ ਡਾਇਐਲਿਸਿਸ ਦੇ ਸਮੇਂ ਜਦੋਂ ਸੂਈ ਨਾੜ (ਫਿਸਟੁਲਾ) ਜਾਂ ਗ੍ਰਾਫ਼ਟ ਦੇ ਅੰਦਰ ਹਿੱਲ ਜਾਵੇ; ਇਸ ਨੂੰ "ਬਲੋ" ਵੀ ਕਿਹਾ ਜਾਂਦਾ ਹੈ।

***ਪੋਟੈਸ਼ੀਅਮ:*** ਖ਼ੂਨ ਅਤੇ ਟਿਸ਼ੂਆਂ ਅੰਦਰਲਾ ਇੱਕ ਖਣਿਜ। ਉੱਚਾ ਅਤੇ ਨੀਵਾਂ ਪੱਧਰ ਸੰਭਾਵੀ ਤੌਰ ’ਤੇ ਗੰਭੀਰ ਗੁੰਝਲਾਂ ਪੈਦਾ ਕਰ ਸਕਦਾ ਹੈ; ਇਸ ਲਈ ਗੁਰਦੇ ਦੇ ਫ਼ੇਲ ਹੋਣ ’ਤੇ ਇਸ ਦੀ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ।

***ਰੋਪ ਲੈਡਰ ਤਕਨੀਕ:*** ਰੋਪ ਲੈਡਰ ਤਕਨੀਕ ਤਹਿਤ ਹਰ ਡਾਇਐਲਿਸਿਸ ਟ੍ਰੀਟਮੈਂਟ ਸਮੇਂ ਸੂਈਆਂ ਦੀਆਂ ਥਾਵਾਂ ਨੂੰ ਬਦਲ-ਬਦਲ ਕੇ ਇਸਤੇਮਾਲ ਕੀਤਾ ਜਾਂਦਾ ਹੈ। ਰੋਪ ਲੈਡਰ ਤਕਨੀਕ ਗ੍ਰਾਫ਼ਟ ਵਿੱਚ ਸੂਈ ਲਗਾਉਣ ਸਮੇਂ ਲਾਜ਼ਮੀ ਤੌਰ ’ਤੇ **ਹਮੇਸ਼ਾ** ਇਸਤੇਮਾਲ ਕੀਤੀ ਜਾਣੀ ਚਾਹੀਦੀ ਹੈ।

***ਸਟੀਨੋਸਿਸ:*** ਤੁਹਾਡੇ ਫਿਸਟੁਲਾ ਜਾਂ ਗ੍ਰਾਫ਼ਟ ਦਾ ਤੰਗ ਹੋ ਜਾਣਾ ਜਿਸ ਕਾਰਣ ਖ਼ੂਨ ਦਾ ਵਹਾਅ ਵਿਗੜ ਜਾਂਦਾ ਹੈ।

***ਸਟੂਚਰ:*** ਕਿਸੇ ਸੱਟ ਦੇ ਸਿਰਿਆਂ ਜਾਂ ਡਾਇਐਲਿਸਿਸ ਵਾਲੇ ਕੈਥੇਟਰ ਨੂੰ ਉਸ ਦੀ ਥਾਂ ’ਤੇ ਰੱਖਣ ਵਾਲਾ ਟਾਂਕਾ ਜਾਂ ਟਾਂਕਿਆਂ ਦੀ ਲੜੀ।

***ਥ੍ਰਿੱਲ:*** ਫਿਸਟੁਲਾ ਵਾਲੇ ਮਰੀਜ਼ ਵਿੱਚ ਇਹ ਫਿਸਟੁਲਾ ਦੇ ਉੱਤੇ ਵਾਲੀ ਥਾਂ ’ਤੇ ਥਰਥਰਾਹਟ ਦਾ ਅਹਿਸਾਸ ਹੈ ਜੋ ਇਹ ਦਰਸਾਉਂਦਾ ਹੈ ਕਿ ਨਾੜ ਵਿੱਚੋਂ ਖ਼ੂਨ ਲੰਘ ਰਿਹਾ ਹੈ।

***ਟਰਨੀਕੁਐਟ:*** ਖ਼ੂਨ ਦੀਆਂ ਨਸਾਂ ਦਾ ਖੜ੍ਹੀਆਂ ਰਹਿਣਾ ਯਕੀਨੀ ਬਣਾਉਣ ਵਾਸਤੇ ਬਾਂਹ ਉੱਪਰ ਲਗਾਇਆ ਜਾਣ ਵਾਲਾ ਰਬੜ ਬੈਂਡ ਵਰਗਾ ਯੰਤਰ।

***ਅਲਟ੍ਰਾਫਿਲਟ੍ਰੇਸ਼ਨ:*** ਡਾਇਆਲਾਈਜ਼ਰ ਵਿੱਚੋਂ ਨਿਕਲਦੇ ਖ਼ੂਨ ਵਿੱਚੋਂ ਤਰਲ ਹਟਾਉਣਾ।

***ਨਾੜ ਰਾਹੀਂ ਪਹੁੰਚ (ਵੈਸਕੂਲਰ ਐਕਸੈੱਸ)*** ਸਿਹਤ ਸੰਭਾਲ ਟੀਮ ਵਾਸਤੇ ਤੁਹਾਡੇ ਖ਼ੂਨ ਦੇ ਪ੍ਰਵਾਹ ਤਕ ਵਾਰ-ਵਾਰ ਪਹੁੰਚ ਕਰਨ ਦਾ ਤਰੀਕਾ ਹੁੰਦਾ ਹੈ। ਨਾੜ ਰਾਹੀਂ ਪਹੁੰਚ ਦੀਆਂ ਤਿੰਨ ਕਿਸਮਾਂ ਹੁੰਦੀਆਂ ਹਨ: ਫਿਸਟੁਲਾ, ਗ੍ਰਾਫ਼ਟ ਅਤੇ ਕੈਥੇਟਰ।

***ਨਾੜ ਵਾਲੀ ਨਲੀ:*** ਡਾਇਆਲਾਈਜ਼ਰ ਵਿੱਚੋਂ ਨਿਕਲਣ ਤੋਂ ਬਾਅਦ ਖ਼ੂਨ ਨੂੰ ਵਾਪਸ ਸ਼ਰੀਰ ਅੰਦਰ ਪਾਉਣ ਵਾਲੀ ਟਿਊਬ।

## ਹਵਾਲੇ References

- ਬੀ.ਸੀ.ਪੀ.ਆਰ.ਏ. ਹੋਮ ਹੀਮੋਡਾਇਐਲਿਸਿਸ ਵਰਕਬੁੱਕ ਵਿੱਚੋਂ ਅਨੁਕੂਲਿਤ ਕੀਤਾ ਗਿਆ।
- ਬੀ.ਸੀ.ਪੀ.ਆਰ.ਏ. ਗੁਰਦਾ ਦੇਖਭਾਲ ਕਮੇਟੀ, ਬੀ.ਸੀ. ਰੀਨਲ ਡਾਇਟੀਸ਼ੀਅਨਜ਼ ਗਰੁੱਪ ਅਤੇ ਬੀ.ਸੀ.ਪੀ.ਆਰ.ਏ. ਹੀਮੋਡਾਇਐਲਿਸਿਸ ਕਮੇਟੀ ਦੇ ਅਨੇਕਾਂ ਹੈਂਡਆਊਟਾਂ ਅਤੇ ਦਸਤਾਵੇਜ਼ਾਂ ਦਾ ਹਵਾਲਾ ਦਿੱਤਾ ਗਿਆ ਸੀ।

## ਤਸਵੀਰਾਂ Images

- ਸਫਾ 8 ਅਤੇ 11 ’ਤੇ ਦਿੱਤੀਆਂ ਤਸਵੀਰਾਂ ਓਨਟਾਰੀਓ ਰੀਨਲ ਨੈਟਵਰਕ ਵੱਲੋਂ ਪ੍ਰਦਾਨ ਕੀਤੀਆਂ ਗਈਆਂ।

## ਵਿਸ਼ੇਸ਼ ਧੰਨਵਾਦ Special Thanks

ਬੀ.ਸੀ. ਹੋਮ ਹੀਮੋਡਾਇਐਲਿਸਿਸ ਐਜੂਕੇਟਰ ਗਰੁੱਪ ਅਤੇ ਬੀ.ਸੀ. ਰੀਨਲ ਏਜੰਸੀ ਹੋਮ ਹੀਮੋਡਾਇਐਲਿਸਿਸ ਕਮੇਟੀ ਦਾ ਧੰਨਵਾਦ ਜਿਨ੍ਹਾਂ ਨੇ ਮਰੀਜ਼ਾਂ ਵਾਸਤੇ ਇਸ ਸੂਬਾਈ ਵਸੀਲੇ ਨੂੰ ਵਿਕਸਿਤ ਕਰਨ ਵਿੱਚ ਮਦਦ ਕੀਤੀ। ਤੁਹਾਡੇ ਸਮਰਪਣ, ਮੁਹਾਰਤ ਅਤੇ ਸਿਆਣਪ ਦੀ ਕਦਰ ਕੀਤੀ ਜਾਂਦੀ ਹੈ।

**!**

**ਮਹੱਤਵਪੂਰਣ ਜਾਣਕਾਰੀ IMPORTANT INFORMATION**

ਇਹ ਬੀ.ਸੀ.ਪੀ.ਆਰ.ਏ. ਸੇਧ/ਵਸੀਲਾ ਗੁਰਦੇ ਦੀ ਚਿਰਕਾਲੀਨ ਬਿਮਾਰੀ ਵਾਲੇ ਬੀ.ਸੀ. ਵਿੱਚ ਰਹਿੰਦੇ ਮਰੀਜ਼ਾਂ ਨੂੰ ਬਰਾਬਰ ਦੀ ਅਤੇ ਸਭ ਤੋਂ ਵਧੀਆ ਕਾਰਜ-ਵਿਹਾਰ ਵਾਲੀ ਦੇਖਭਾਲ ਪ੍ਰਦਾਨ ਕਰਨ ਲਈ ਵਿਕਸਿਤ ਕੀਤਾ ਗਿਆ ਸੀ। ਇਹ ਸੇਧ/ਵਸੀਲਾ ਮਿਆਰੀ ਕਾਰਜ-ਵਿਹਾਰ ਦੀ ਪ੍ਰੋੜ੍ਹਤਾ ਕਰਦਾ ਹੈ ਅਤੇ ਇਸ ਦਾ ਮਕਸਦ ਅਜਿਹੀ ਦੇਖਭਾਲ ਪ੍ਰਦਾਨ ਕਰਨਾ ਹੈ ਜਿਸ ਦਾ ਪ੍ਰਭਾਵ ਮਰੀਜ਼ਾਂ ਦੇ ਇਲਾਜ ਦੇ ਮਿਆਰੀ ਸਿੱਟਿਆਂ ਨੂੰ ਮਾਪਣ ਵਿੱਚ ਨਜ਼ਰ ਆਵੇ। ਪ੍ਰਕਾਸ਼ਨ ਦੇ ਸਮੇਂ ਉਪਲਬਧ ਸਭ ਤੋਂ ਵਧੀਆ ਜਾਣਕਾਰੀ ਉੱਪਰ ਅਧਾਰਤ, ਇਹ ਸੇਧ/ਵਸੀਲਾ ਸਬੂਤਾਂ ਉੱਪਰ ਨਿਰਭਰ ਕਰਦਾ ਹੈ ਅਤੇ ਜਿੱਥੇ ਸੰਭਵ ਹੋਵੇ, ਰਾਇ-ਅਧਾਰਤ ਬਿਆਨਾਂ ਤੋਂ ਗੁਰੇਜ਼ ਕਰਦਾ ਹੈ; ਸਭ ਤੋਂ ਆਧੁਨਿਕ ਰੂਪਾਂਤਰ ਲਈ www.bcrenal.ca ਦੇਖੋ।

**ਬੀ.ਸੀ.ਪੀ.ਆਰ.ਏ. ਸੂਬਾਈ ਸੇਧਾਂ/ਵਸੀਲਿਆਂ ਦੀ ਵਰਤੋਂ ਅਤੇ ਹਵਾਲਾ ਦੇਣ ਸੰਬੰਧੀ ਜਾਣਕਾਰੀ ਲਈ BCRenal.ca/health-info ਦੇਖੋ।**